# ਸ਼ਮੂਲੀਅਤ ਨਾਲ ਫ਼ਰਕ ਪੈਂਦਾ ਹੈ

California State PTA
everychild. onevoice.

## ਕੈਲੀਫ਼ੋਰਨੀਆ ਸਟੇਟ PTA ਦੀਆਂ ਬੁਨਿਆਦੀ ਕਦਰਾਂ ਕੀਮਤਾਂ

ਕੈਲੀਫ਼ੋਰਨੀਆ ਸਟੇਟ PTA ਇੱਕ ਵਿਵਸਾਇਕ ਮੁਨਾਫ਼ਾ ਨਾ ਕਮਾਉਣ ਵਾਲੀ ਸੰਸਥਾ ਹੈ ਜੋ ਬੱਚਿਆਂ ਦੀ ਭਲਾਈ ਲਈ ਪ੍ਰਤਿਬਧ ਹੈ।

ਸਾਡਾ ਵਿਸ਼ਵਾਸ ਹੈ ਕਿ ਇਹ ਯਕੀਨੀ ਬਣਾਉਣਾ ਹਰ ਬਾਲਗ਼ ਦੀ ਜ਼ਿੰਮੇਵਾਰੀ ਹੈ ਕਿ ਸਾਰੇ ਬੱਚੇ ਆਪਣੀ ਪੂਰੀ ਸਮਰੱਥਾ ਅਨੁਸਾਰ ਵਿਕਾਸ ਕਰਨ।

ਸਾਡਾ ਵਿਸ਼ਵਾਸ ਹੈ ਕਿ ਮਾਤਾ-ਪਿਤਾ ਬੱਚੇ ਦੇ ਪਹਿਲੇ ਅਧਿਆਪਕ ਹੁੰਦੇ ਹਨ ਅਤੇ ਬੱਚੇ ਦੀ ਪੂਰੀ ਵਿਦਿਅਕ ਪ੍ਰਕਿਰਿਆ ਦੌਰਾਨ ਮਾਤਾ-ਪਿਤਾ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੈ।

ਸਾਡਾ ਵਿਸ਼ਵਾਸ ਹੈ ਕਿ ਪਰਿਵਾਰ, ਸਮਾਜ ਦੀ ਬੁਨਿਆਦੀ ਇਕਾਈ ਹੈ, ਜੋ ਸਾਰੇ ਬੱਚਿਆਂ ਦੇ ਸਮਰਥਨ ਅਤੇ ਪਰਵਰਿਸ਼ ਲਈ ਜ਼ਿੰਮੇਵਾਰ ਹੈ ਅਤੇ ਅਸੀਂ ਮੰਨਦੇ ਹਾਂ ਕਿ ਪਰਿਵਾਰ ਦੀ ਵਿਆਖਿਆ ਕਈ ਤਰੀਕਿਆਂ ਨਾਲ ਕੀਤੀ ਜਾ ਸਕਦੀ ਹੈ।

ਸਾਡਾ ਵਿਸ਼ਵਾਸ ਹੈ ਕਿ ਸਾਡੀ ਜ਼ਿੰਮੇਵਾਰੀ ਵਿੱਚ ਸਾਰੇ ਬੱਚਿਆਂ ਦੀ ਸੁਰੱਖਿਅਤਾ ਅਤੇ ਭਲਾਈ ਅਤੇ ਉਨ੍ਹਾਂ ਲਈ ਚੰਗੀ ਕੁਆਲਿਟੀ ਦੀ ਪਬਲਿਕ ਵਿਦਿਆ ਹਾਸਲ ਕਰਨ ਦੇ ਮੌਕੇ ਦੀ ਹਮਾਇਤ ਕਰਨਾ ਸ਼ਾਮਲ ਹੈ।

## ਸਾਡਾ ਉਦੇਸ਼ ਕੀ ਹੈ

ਕੈਲੀਫ਼ੋਰਨੀਆ ਸਟੇਟ PTA ਦਾ ਮਿਸ਼ਨ ਸਾਰੇ ਬੱਚਿਆਂ ਅਤੇ ਪਰਿਵਾਰਾਂ ਦੇ ਜੀਵਨ ’ਤੇ ਹਾਂ-ਪੱਖੀ ਪ੍ਰਭਾਵ ਪਾਉਣਾ ਹੈ ਅਤੇ ਅਜਿਹਾ ਅਸੀਂ ਆਪਣੇ ਮੈਂਬਰਾਂ ਦੀ ਨੁਮਾਇੰਦਗੀ ਕਰਕੇ ਅਤੇ ਹਮਾਇਤ, ਲੀਡਰਸ਼ਿਪ ਅਤੇ ਸੰਚਾਰ ਦੇ ਹੁਨਰਾਂ ਨਾਲ ਉਨ੍ਹਾਂ ਦੇ ਅਧਿਕਾਰੀਕਰਣ ਅਤੇ ਸਮਰਥਨ ਦੁਆਰਾ ਕਰ ਸਕਦੇ ਹਾਂ।

ਜੁਲਾਈ 2007 ਵਿੱਚ ਡਾਇਰੈਕਟਰ ਦੇ ਬੋਰਡ ਵੱਲੋਂ ਪਰਵਾਨ ਕੀਤਾ ਗਿਆ

## PTA ਦੇ ਮਿਸ਼ਨ ਨੂੰ ਅਮਲੀ ਰੂਪ ਦੇਣਾ

ਕੈਲੀਫ਼ੋਰਨੀਆ ਸਟੇਟ PTA, ਜੋ ਨੈਸ਼ਨਲ ਪੀ.ਟੀ.ਏ. (National PTA) ਦੀ ਇੱਕ ਸੰਸਥਾ ਹੈ, ਦਾ ਕੰਮ ਮੈਨੇਜਰਾਂ ਦੇ ਇੱਕ ਬੋਰਡ ਵੱਲੋਂ ਕੀਤਾ ਜਾਂਦਾ ਹੈ। ਇਸਦੇ ਮੈਂਬਰਾਂ ਵਿੱਚ ਚੁਣੇ ਹੋਏ ਅਤੇ ਨਿਯੁਕਤ ਕੀਤੇ ਅਧਿਕਾਰੀ, ਡਿਸਟ੍ਰਿਕਟ PTA ਪ੍ਰਧਾਨ, ਕਮਿਸ਼ਨਰ, ਲੈਜਿਸਲੇਟਿਵ ਐਡਵੋਕੇਟ ਅਤੇ ਕਨਸਲਟੈਂਟ ਸ਼ਾਮਲ ਹਨ ਅਤੇ ਇਹ ਸਾਰੇ ਵਾਲੰਟੀਅਰ ਹਨ। ਇਨ੍ਹਾਂ ਦਾ ਕੰਮ ਨੌਂ ਕਮਿਸ਼ਨਾਂ ਅਤੇ ਸਥਾਈ ਅਤੇ ਵਿਸ਼ੇਸ਼ ਕਮੇਟੀਆਂ ਵੱਲੋਂ ਨੇਪਰੇ ਚਾੜ੍ਹਿਆ ਜਾਂਦਾ ਹੈ। ਕੈਲੀਫ਼ੋਰਨੀਆ ਵਿੱਚ ਯੂਨਿਟ (ਐਸੋਸੀਏਸ਼ਨ), ਕੌਂਸਲ ਅਤੇ PTA ਡਿਸਟ੍ਰਿਕਟ ਵਾਲੰਟੀਅਰ ਵੀ PTA ਮਿਸ਼ਨ ਨੂੰ ਅਮਲ ਵਿੱਚ ਲਿਆਉਣ ਲਈ ਕੰਮ ਕਰਦੇ ਹਨ।

## ਲੀਡਰਸ਼ਿਪ

ਕੈਲੀਫ਼ੋਰਨੀਆ ਸਟੇਟ PTA, PTA ਲੀਡਰਾਂ ਨੂੰ ਨਿਮਨਲਿਖਤ ਲਈ ਤਿਆਰ ਕਰਨ ਵਾਸਤੇ ਚਲ ਰਹੀ ਟਰੇਨਿੰਗ ਪ੍ਰਦਾਨ ਕਰਦੀ ਹੈ :

- ਸੰਸਥਾ ਦੇ ਉਦੇਸ਼ਾਂ ਨੂੰ ਅਮਲ ਵਿੱਚ ਲਿਆਉਣਾ;
- PTA ਦੇ ਅਸੂਲਾਂ, ਨਿਰਦੇਸ਼ਨਾਂ ਅਤੇ ਢਾਂਚੇ ਦੀ ਜਾਣਕਾਰੀ ਹਾਸਲ ਕਰਨੀ;
- ਉਨ੍ਹਾਂ ਦੇ ਲੀਡਰਸ਼ਿਪ ਪ੍ਰਬੰਧਨ ਹੁਨਰਾਂ ਨੂੰ ਵਿਕਸਤ ਕਰਨਾ;
- PTA ਦੇ ਮੈਂਬਰਾਂ, ਮਾਤਾ-ਪਿਤਾ, ਸਕੂਲ ਦੇ ਸਟਾਫ਼ ਅਤੇ ਕਮਿਊਨਿਟੀ ਨਾਲ ਮਿਲ ਕੇ ਕੰਮ ਕਰਨ ਵਾਸਤੇ ਉਨ੍ਹਾਂ ਦੀ ਯੋਗਤਾ ਅਤੇ ਆਤਮ-ਵਿਸ਼ਵਾਸ ਨੂੰ ਵਿਕਸਤ ਕਰਨਾ।

## ਵਜ਼ੀਫ਼ੇ ਅਤੇ ਗਰਾਂਟਾਂ

ਕੈਲੀਫ਼ੋਰਨੀਆ ਸਟੇਟ PTA ਵੱਲੋਂ ਹਾਈ ਸਕੂਲ ਸੀਨੀਅਰ ਸਕਾਲਰਸ਼ਿਪ, ਅਧਿਆਪਕਾਂ ਅਤੇ ਸਕੂਲ ਨਰਸਾਂ ਲਈ ਪੜ੍ਹਾਈ ਜਾਰੀ ਰੱਖਣ ਵਾਸਤੇ ਸਕਾਲਰਸ਼ਿਪ, PTA ਵਾਲੰਟੀਅਰ ਸਕਾਲਰਸ਼ਿਪ, ਸਭਿਆਚਾਰਕ ਆਰਟਸ, ਲੀਡਰਸ਼ਿਪ ਦੇ ਵਿਕਾਸ, ਮਾਤਾ-ਪਿਤਾ ਦੀ ਪੜ੍ਹਾਈ ਅਤੇ ਅਨੁਵਾਦ ਲਈ ਗਰਾਂਟਾਂ ਦਿੱਤੀਆਂ ਜਾਂਦੀਆਂ ਹਨ। ਵਜ਼ੀਫ਼ਿਆਂ ਅਤੇ ਗਰਾਂਟਾਂ ਲਈ ਰਕਮਾਂ ਆਨਰੇਰੀ ਸਰਵਿਸ ਐਵਾਰਡ ਪ੍ਰੋਗਰਾਮ (Honorary Service Award Program) ਵੱਲੋਂ ਇੱਕਤਰ ਕੀਤੀਆਂ ਜਾਂਦੀਆਂ ਹਨ, ਜੋ ਉਨ੍ਹਾਂ ਵਿਅਕਤੀਆਂ ਨੂੰ ਮਾਨਤਾ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੇ ਬੱਚਿਆਂ ਦੀ ਵਿਦਿਆ ਅਤੇ ਭਲਾਈ ਲਈ ਉਘੇ ਯੋਗਦਾਨ ਪਾਏ ਹਨ। ਪਿਛਲੇ 50 ਸਾਲਾਂ ਵਿੱਚ ਕੈਲੀਫ਼ੋਰਨੀਆ ਸਟੇਟ PTA ਨੇ ਵਜ਼ੀਫ਼ਿਆਂ ਅਤੇ ਗਰਾਂਟਾਂ ਲਈ $5 ਮਿਲੀਅਨ ਤੋਂ ਵੱਧ ਰਕਮ ਮੁਹੱਈਆ ਕੀਤੀ ਹੈ।

## ਹੱਥ ਅੱਗੇ ਵਧਾਉਣਾ

ਕੈਲੀਫ਼ੋਰਨੀਆ ਸਟੇਟ PTA ਜਤਨ ਕਰਦੀ ਹੈ ਕਿ ਸਾਡੇ ਸਕੂਲਾਂ ਅਤੇ ਕਮਿਊਨਿਟੀਆਂ ਵਿੱਚ ਬਦਲ ਰਹੀ ਨਸਲੀ ਅਤੇ ਸਭਿਆਚਾਰਕ ਅਨੇਕਤਾ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਅਤੇ ਮੰਨਿਆ ਜਾਵੇ। *California State PTA Toolkit, PEP Guide* ਅਤੇ ਐਸੋਸੀਏਸ਼ਨ ਦੇ ਜ਼ਿਮਨੀ ਕਾਨੂੰਨ ਅਤੇ ਹੋਰ ਸਮੱਗਰੀ ਸਪੈਨਿਸ਼ ਵਿੱਚ ਉਪਲਬਧ ਹੈ।

## ਬਿਜ਼ਨਸ ਕਮਿਊਨਿਟੀ ਨਾਲ ਮਿਲਕੇ ਕੰਮ ਕਰਨਾ

PTA, ਬਿਜ਼ਨਸ ਕਮਿਊਨਿਟੀ ਨਾਲ ਪ੍ਰਸਪਰ ਤੌਰ ’ਤੇ ਫ਼ਾਇਦੇਮੰਦ ਅਜਿਹੇ ਉੱਦਮਾਂ ਵਿੱਚ ਸਹਿਯੋਗ ਕਰਦੀ ਹੈ, ਜੋ PTA ਦੀ ਨੱਾਨ-ਕਮਰਸ਼ਿਅਲ ਪਾਲਿਸੀ ਦੇ ਰਾਹ ਵਿੱਚ ਨਹੀਂ ਆਉਂਦੇ। PTA ਅਤੇ ਬਿਜ਼ਨਸ ਵਾਲੇ, ਸਾਰੇ ਬੱਚਿਆਂ ਲਈ ਵਿਦਿਆ ਨੂੰ ਬਿਹਤਰ ਬਣਾਉਣ ਲਈ ਮਿਲਕੇ ਕੰਮ ਕਰਦੇ ਹਨ।

**ਪੀ.ਟੀ.ਏ. ਵਿੱਚ ਸ਼ਾਮਲ ਹੋਵੋ**

**ਅੱਜ ਹੀ ਆਪਣੇ ਸਕੂਲ ਨੂੰ ਫ਼ੋਨ ਕਰੋ !**

**ਕੈਲੀਫ਼ੋਰਨੀਆ ਦੇ ਬੱਚਿਆਂ ਨੂੰ ਤੁਹਾਡੀ ਸ਼ਮੂਲੀਅਤ ਦੀ ਜ਼ਰੂਰਤ ਹੈ**

California State PTA
2327 L Street
Sacramento, CA 95816-5014
916.440.1985 ਫ਼ੈਕਸ 916.440.1986
capta.org info@capta.org
ਨਵੰਬਰ 2007



# ਅਸੀਂ ਕੌਣ ਹਾਂ...

PTA ਮਾਤਾ-ਪਿਤਾ, ਅਧਿਆਪਕਾਂ, ਵਿਦਿਆਰਥੀਆਂ, ਸਿਹਤ ਅਤੇ ਭਲਾਈ ਬਾਰੇ ਵਿਵਸਾਇਕਾਂ ਅਤੇ ਉਨ੍ਹਾਂ ਕਮਿਊਨਿਟੀ ਮੈਂਬਰਾਂ ਦੀ ਸਭ ਤੋ ਵੱਡੀ ਵਾਲੰਟੀਅਰ ਸੰਸਥਾ ਹੈ, ਜੋ ਨਰੋਲ ਘਰ, ਸਕੂਲ ਅਤੇ ਕਮਿਊਨਿਟੀ ਵਿੱਚ ਸਾਰੇ ਬੱਚਿਆਂ ਅਤੇ ਯੁਵਕਾਂ ਦੀ ਪੜ੍ਹਾਈ ਨੂੰ ਬਿਹਤਰ ਬਣਾਉਣ ਅਤੇ ਉਨ੍ਹਾਂ ਦੇ ਕਲਿਆਣ ਲਈ ਕੰਮ ਕਰ ਰਹੀ ਹੈ।

## PTA ਨੇ...

ਬਾਲ ਕਿਰਤੀਆਂ ਬਾਰੇ ਕਾਨੂੰਨ ਪਾਸ ਕਰਵਾਉਣ ਲਈ ਜਤਨ ਕੀਤੇ ਅਤੇ ਨੌਜਵਾਨਾਂ ਲਈ ਇਨਸਾਫ਼ ਦੇ ਪ੍ਰੋਗਰਾਮਾਂ ਨੂੰ ਪ੍ਰੋਤਸਾਹਨ ਦਿੱਤਾ ਹੈ;

ਕਾਫ਼ੀ ਮਾਲੀ ਵਸੀਲਿਆਂ ਵਾਲੀ ਕਿੰਡਰਗਾਰਟਨ ਸਮੇਤ ਲਾਜ਼ਮੀ ਪਬਲਿਕ ਵਿਦਿਆ, ਕਲਾਸਾਂ ਦੇ ਸਾਈਜ਼ ਨੂੰ ਛੋਟਾ ਕਰਨ, ਆਰਟਸ ਮਜ਼ਮੂਨਾਂ ਦੀ ਸੰਗਠਤ ਪਾਠ-ਪ੍ਰਣਾਲੀ ਅਤੇ ਵਸੀਲਿਆਂ ਲਈ ਹਮਾਇਤ ਕੀਤੀ ਹੈ;

ਇਸ ਨੇ ਕੌਮੀ ਜਨਤਕ ਸਿਹਤ ਸੇਵਾ ਦੀ ਸਥਾਪਨਾ ਅਤੇ ਸਿਹਤ ਅਤੇ ਪੌਸ਼ਟਿਕ ਖ਼ੁਰਾਕ ਦੇ ਪ੍ਰੋਗਰਾਮ ਸਮੇਤ ਸਕੂਲਾਂ ਵਿੱਚ ਨਾਸ਼ਤੇ ਅਤੇ ਦਿਨ ਦੇ ਖਾਣੇ ਦੇ ਪ੍ਰੋਗਰਾਮਾਂ ਦੇ ਵਿਕਾਸ ਲਈ ਕੰਮ ਕੀਤਾ ਹੈ; ਅਤੇ

ਮਾਤਾ-ਪਿਤਾ/ਪਰਿਵਾਰ ਦੀ ਸ਼ਮੂਲੀਅਤ ਦੇ ਕੌਮੀ ਮਿਆਰਾਂ (National Standards for Parent/Family Involvement) ਨੂੰ ਅਤੇ ਪਰਿਵਾਰਕ ਅਤੇ ਮੈਡੀਕਲ ਛੁੱਟੀ ਸੰਬੰਧੀ ਐਕਟ (Family and Medical Leave Act) ਨੂੰ ਪ੍ਰੋਤਸਾਹਨ ਦਿੱਤਾ ਹੈ।

## PTA ਦੇ ਉਦੇਸ਼

ਘਰ, ਸਕੂਲ, ਕਮਿਊਨਿਟੀ ਅਤੇ ਪੂਜਾ ਅਸਥਾਨ 'ਤੇ ਬੱਚਿਆਂ ਅਤੇ ਨੌਜਵਾਨਾਂ ਦੀ ਭਲਾਈ ਵਿੱਚ ਵਾਧਾ ਕਰਨਾ।

ਘਰੋਗੀ ਜੀਵਨ ਦੇ ਮਿਆਰਾਂ ਨੂੰ ਉੱਚਾ ਕਰਨਾ।

ਬੱਚਿਆਂ ਅਤੇ ਨੌਜਵਾਨਾਂ ਦੀ ਦੇਖਭਾਲ ਅਤੇ ਹਿਫ਼ਾਜ਼ਤ ਲਈ ਕਾਫ਼ੀ ਕਾਨੂੰਨ ਪਾਸ ਕਰਵਾਉਣੇ।

ਘਰ ਅਤੇ ਸਕੂਲ ਵਿਚਕਾਰ ਵਧੇਰੇ ਗੂੜ੍ਹੇ ਸੰਬੰਧ ਕਾਇਮ ਕਰਨਾ, ਤਾਂ ਜੋ ਮਾਤਾ-ਪਿਤਾ ਅਤੇ ਅਧਿਆਪਕ, ਬੱਚਿਆਂ ਅਤੇ ਨੌਜਵਾਨਾਂ ਦੀ ਪੜ੍ਹਾਈ ਦੇ ਮਾਮਲੇ ਵਿੱਚ ਸਿਆਣਪ ਨਾਲ ਸਹਿਯੋਗ ਕਰ ਸਕਣ।

ਸਾਰੇ ਬੱਚਿਆਂ ਅਤੇ ਨੌਜਵਾਨਾਂ ਲਈ ਬਹੁਤ ਹੀ ਫ਼ਾਇਦੇਮੰਦ ਸਰੀਰਕ, ਮਾਨਸਿਕ, ਸਮਾਜਕ ਅਤੇ ਅਧਿਆਤਮਕ ਸਿੱਖਿਆ ਦਾ ਪ੍ਰਬੰਧ ਕਰਨ ਵਾਸਤੇ ਅਧਿਆਪਕਾਂ ਅਤੇ ਆਮ ਲੋਕਾਂ ਵੱਲੋਂ ਰਲ ਕੇ ਜਤਨ ਕੀਤੇ ਜਾਣ ਨੂੰ ਉਤਸ਼ਾਹ ਦੇਣਾ।



# ਸਾਡੀਆਂ ਪ੍ਰਾਥਮਿਕਤਾਵਾਂ...

## ਵਿਦਿਆ

PTA ਛੋਟੀ ਉਮਰ ਤੋਂ ਲੈ ਕੇ ਉਚੇਰੀ ਵਿਦਿਆ ਤਕ ਪੜ੍ਹਾਈ ਦੇ ਮੁੱਦਿਆਂ ਨਾਲ ਨਜਿੱਠਦੀ ਹੈ, ਅਤੇ ਨਿਮਨਲਿਖਤ ਲਈ ਪ੍ਰਤਿਬਧ ਹੈ :

- PTA ਸਭਾਵਾਂ ਨੂੰ ਸਕੂਲਾਂ ਵਿੱਚ ਅਤੇ ਪੜ੍ਹਾਈ ਨਾਲ ਸੰਬੰਧਤ ਫ਼ੈਸਲੇ ਕਰਨ ਦੇ ਅਮਲ ਵਿੱਚ ਮਾਤਾ-ਪਿਤਾ ਅਤੇ ਕਮਿਊਨਿਟੀ ਦੀ ਸ਼ਮੂਲੀਅਤ ਨੂੰ ਮਜ਼ਬੂਤ ਬਣਾਉਣ ਵਿੱਚ ਸਹਾਇਤਾ ਦੇਣਾ;
- ਜਨਤਕ ਫ਼ੰਡ ਪਬਲਿਕ ਐਜੂਕੇਸ਼ਨ ਲਈ ਵਰਤੇ ਜਾਣ ਨੂੰ ਯਕੀਨੀ ਬਣਾਉਣਾ; ਅਤੇ
- ਸਟੇਟ, ਸਕੂਲ ਡਿਸਟ੍ਰਿਕਟ ਅਤੇ ਸਥਾਨਕ ਪੱਧਰਾਂ 'ਤੇ ਇਹ ਯਕੀਨੀ ਬਣਾਉਣ ਲਈ ਕਿ PTA ਸਭਾਵਾਂ ਹਰ ਵਿਦਿਆਰਥੀ ਨੂੰ ਉੱਤਮ ਵਿਦਿਆ ਲਈ ਬਰਾਬਰ ਦਾ ਮੌਕਾ ਦੇਣ, ਦੇ ਜਤਨਾਂ ਵਿੱਚ ਸਰਗਰਮ ਹਿੱਸਾ ਲੈਣਾ।

## ਸਿਹਤ

PTA, ਸਿਹਤ ਸੰਬੰਧੀ ਮੁੱਖ ਮੁੱਦਿਆਂ ਨਾਲ ਨਜਿੱਠਦੀ ਹੈ, ਜਿਵੇਂ ਕਿ ਬੱਚਿਆਂ ਵਿੱਚ ਮੁਟਾਪਾ; ਡ੍ਰਗਜ਼, ਅਲਕੋਹਲ ਅਤੇ ਤੰਮਾਕੂ ਦੀ ਦੁਰਵਰਤੋਂ ਸੰਬੰਧੀ ਚੇਤਨਤਾ ਅਤੇ ਰੋਕਥਾਮ; ਐਂਟੀਬਾਇਓਟਿਕ ਪ੍ਰਤਿਰੋਧ ਸੰਬੰਧੀ ਜਾਣਕਾਰੀ; ਸਕੂਲ ਸਿਹਤ ਯੋਜਨਾਵਾਂ; ਅਤੇ ਪਰਿਆਵਰਣ ਨਾਲ ਸੰਬੰਧਤ ਮਾਮਲੇ ਸਮੇਤ ਕੀੜੇਮਾਰ ਦਵਾਈਆਂ ਦੀ ਵਰਤੋਂ। PTA, ਸੰਬੰਧਤ ਏਜੰਸੀਆਂ ਅਤੇ ਸਲਾਹਕਾਰਾਂ ਦੇ ਸਹਿਯੋਗ ਨਾਲ ਪ੍ਰਦਾਨ ਕਰਦੀ ਹੈ :

- ਸਿਹਤ ਸਿੱਖਿਆ ਦੇ ਪ੍ਰੋਗਰਾਮ ਅਤੇ ਬੱਚਿਆਂ, ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪ੍ਰਭਾਵਤ ਕਰਨ ਵਾਲੇ ਸਿਹਤ ਦੇ ਮੁੱਦਿਆਂ ਬਾਰੇ ਜਾਣਕਾਰੀ।
- PTA ਸਭਾਵਾਂ ਨੂੰ ਵਸੀਲੇ, ਤਾਂ ਜੋ ਉਹ ਮਾਤਾ-ਪਿਤਾ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸਿਹਤ ਨਾਲ ਸੰਬੰਧਤ ਵਿਸ਼ਿਆ ਬਾਰੇ, ਵੈੱਬ ਲਿੰਕਾਂ, ਪ੍ਰਕਾਸ਼ਨਾਵਾਂ, ਕਲਾਸਰੂਮ ਵਿਦਿਅਕ ਪ੍ਰੋਗਰਾਮਾਂ, ਕਨਵੈਨਸ਼ਨਾਂ ਵਿੱਚ ਸੰਬੰਧਤ ਸਮੱਗਰੀ ਪ੍ਰਦਰਸ਼ਿਤ ਕਰਨ ਅਤੇ ਕਾਨਫ਼ਰੰਸਾਂ 'ਤੇ ਪਰੈਜ਼ਨਟੇਸ਼ਨਾਂ (ਪ੍ਰਸਤੁਤੀਆਂ) ਦੁਆਰਾ ਸਿੱਖਿਆ ਦੇ ਸਕਣ।

## ਕਾਨੂੰਨ

ਐਡਵੋਕੇਟ ਵਾਲੰਟੀਅਰਾਂ ਦੀ ਇੱਕ ਟੀਮ "ਬੱਚਿਆਂ ਅਤੇ ਨੌਜਵਾਨਾਂ ਦੀ ਦੇਖਭਾਲ ਅਤੇ ਹਿਫ਼ਾਜ਼ਤ ਲਈ ਕਾਫ਼ੀ ਕਾਨੂੰਨ ਪਾਸ ਕਰਵਾਉਣ ਵਾਸਤੇ" ਕੈਲੀਫ਼ੋਰਨੀਆ ਸਟੇਟ PTA ਸਭਾਵਾਂ ਦੇ ਜਤਨਾਂ ਦੀ ਅਗਵਾਈ ਕਰਦੀ ਹੈ।

- ਕੈਲੀਫ਼ੋਰਨੀਆਂ ਸਟੇਟ PTA, ਸਟੇਟ ਅਤੇ ਫ਼ੈਡਰਲ ਸਰਕਾਰ ਦੇ ਚੁਣੇ ਹੋਏ ਅਧਿਕਾਰੀਆਂ, ਸਰਕਾਰੀ ਏਜੰਸੀਆਂ ਅਤੇ ਕੈਲੀਫ਼ੋਰਨੀਆ ਦੇ ਸਾਰੇ ਲੋਕਾਂ ਨੂੰ PTA ਦੇ ਵਿਚਾਰਾਂ ਤੋਂ ਜਾਣੂ ਕਰਾਉਣ ਦੀਆਂ ਕੋਸ਼ਸ਼ਾਂ ਅਤੇ ਇਨ੍ਹਾਂ ਦੀ ਹਮਾਇਤ ਵਿਚਕਾਰ ਤਾਲਮੇਲ ਰੱਖਦੀ ਹੈ।
- ਪੀ.ਟੀ.ਏ. ਲੈਜਿਸਲੇਟਿਵ ਐਲਰਟਸ (PTA Legislative Alerts) ਅਤੇ PTA ਦੇ ਤਜਵੀਜ਼ ਹੋਏ ਕਾਨੂੰਨਾਂ ਅਤੇ ਉੱਦਮਾਂ ਬਾਰੇ ਪੱਖ ਕੈਲੀਫ਼ੋਰਨੀਆ ਸਟੇਟ PTA ਵੈੱਬਸਾਈਟ **www.capta.org** 'ਤੇ ਉਪਲਬਧ ਕਰਾਏ ਜਾਂਦੇ ਹਨ, ਅਤੇ ਇਹ ਇਲੈਕਟ੍ਰਾਨਿਕ ਵਸੀਲਿਆਂ ਦੁਆਰਾ ਪੈਸੇ ਭੇਜਕੇ ਪ੍ਰਾਪਤ ਕੀਤੇ ਜਾ ਸਕਦੇ ਹਨ।

## ਮਾਤਾ-ਪਿਤਾ ਦੀ ਸ਼ਮੂਲੀਅਤ

PTA ਮਾਤਾ-ਪਿਤਾ ਨੂੰ ਬੱਚਿਆਂ ਦੀ ਪਰਵਰਿਸ਼ ਦੇ ਹੁਨਰਾਂ ਦੇ ਵਾਧੇ ਲਈ ਅਤੇ ਸਕੂਲਾਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਉਤਸ਼ਾਹ ਦੇਣ ਵਾਸਤੇ ਜਾਣਕਾਰੀ ਅਤੇ ਟਰੇਨਿੰਗ ਪ੍ਰਦਾਨ ਕਰਦੀ ਹੈ। PTA ਸਭਾਵਾਂ ਦੇ ਵਸੀਲਿਆਂ ਵਿੱਚ ਸ਼ਾਮਲ ਹਨ :

- *Parents Empowering Parents Guide*, ਇਹ ਅੰਗਰੇਜ਼ੀ ਅਤੇ ਸਪੈਨਿਸ਼ ਵਿੱਚ ਉਪਲਬਧ ਹੈ ਅਤੇ ਇਹ PTA ਲੀਡਰਾਂ ਦੀ ਵਰਤੋਂ ਵਾਸਤੇ ਹੈ, ਤਾਂ ਜੋ ਉਹ ਮਾਤਾ-ਪਿਤਾ ਨੂੰ ਸਕੂਲਾਂ ਵਿੱਚ ਉਨ੍ਹਾਂ ਦੇ ਬੱਚਿਆਂ ਦੀ ਕਾਮਯਾਬੀ ਵਿੱਚ ਸਹਾਇਤਾ ਦੇਣ ਲਈ ਕੰਮ ਕਰ ਸਕਣ;
- *PTA Parent Talk* ਬ੍ਰੋਸ਼ਰ, ਮਾਤਾ-ਪਿਤਾ ਅਤੇ ਬੱਚਿਆਂ ਵਿਚਕਾਰ ਸੰਚਾਰ ਦੇ ਵਾਧੇ ਅਤੇ ਉਸਾਰੂ ਰਿਸ਼ਤੇ ਨੂੰ ਪ੍ਰੋਤਸਾਹਨ ਦੇਣ ਸੰਬੰਧੀ।
- *Involvement Makes a Difference*, *PTA Membership Benefits You*, ਅਤੇ *Put Yourself in the PTA Picture*, ਸਿਰਲੇਖਾਂ ਵਾਲੇ ਬ੍ਰੋਸ਼ਰਾਂ ਵਿੱਚ ਘਰ, ਸਕੂਲ ਅਤੇ ਕਮਿਊਨਿਟੀ ਵਿੱਚ ਮਾਤਾ-ਪਿਤਾ ਅਤੇ ਬਾਲਗ਼ਾਂ ਦੀ ਸ਼ਮੂਲੀਅਤ ਦੇ ਵਾਧੇ ਲਈ ਸੁਝਾਅ ਹਨ।

## ਕਮਿਊਨਿਟੀ ਦੇ ਸਰੋਕਾਰ

PTA ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੁਰੱਖਿਅਤਾ ਅਤੇ ਭਲਾਈ 'ਤੇ ਪ੍ਰਭਾਵ ਪਾਉਣ ਵਾਲੇ ਪ੍ਰੋਗਰਾਮਾਂ ਅਤੇ ਪ੍ਰਾਜੈਕਟਾਂ ਨੂੰ ਪ੍ਰੋਤਸਾਹਨ ਦਿੰਦੀ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ :

- ਆਫ਼ਤਾਂ ਲਈ ਤਿਆਰੀ, ਬੱਚੇ ਦੀ ਸੁਰੱਖਿਅਤਾ ਅਤੇ ਸੁਰੱਖਿਆ ਸੰਬੰਧੀ ਸਿੱਖਿਆ;
- ਪਰਿਵਾਰਾਂ ਦਾ ਬਚਾਅ ਅਤੇ ਬਾਲ ਸ਼ੋਸ਼ਣ ਦੀ ਰੋਕਥਾਮ;
- ਨੌਜਵਾਨਾਂ ਦੀ ਹਿੰਸਾ ਅਤੇ ਮਾਰ-ਧਾੜ, ਜੁੰਡਲੀ (ਗੈਂਗ) ਨਾਲ ਰਲੇ ਹੋਣਾ, ਹੈਂਡਗਨ ਹਿੰਸਾ ਦੀ ਰੋਕਥਾਮ; ਅਤੇ
- ਨਾਗਰਿਕਤਾ।

## ਸੰਚਾਰ

PTA ਵੱਲੋਂ ਸੰਚਾਰ ਲਈ ਹੇਠ ਲਿਖੇ ਮਾਧਿਅਮ ਮੁਹੱਈਆ ਕੀਤੇ ਜਾਂਦੇ ਹਨ:

- *PTA in California*, ਕੈਲੀਫ਼ੋਰਨੀਆ ਸਟੇਟ PTA ਦਾ ਅਧੀਕ੍ਰਿਤ ਨਿਊਜ਼ਲੈਟਰ, ਜਿਸ ਵਿੱਚ ਸੰਸਥਾ ਸੰਬੰਧੀ ਸੂਚਨਾ ਅਤੇ PTA ਮੈਂਬਰਾਂ ਦੇ ਸਰੋਕਾਰਾਂ ਨਾਲ ਸੰਬੰਧਤ ਮੁੱਦਿਆਂ ਦੀ ਸੂਚਨਾ ਅਤੇ ਅਧਿਐਨਾਂ ਦੇ ਸੰਖੇਪ ਸਾਰ ਦਿੱਤੇ ਜਾਂਦੇ ਹਨ। ਚੰਦੇ ਵਜੋਂ ਮੁਹੱਈਆ ਕੀਤਾ ਜਾਂਦਾ ਇਹ ਨਿਊਜ਼ਲੈਟਰ PTA ਪ੍ਰਧਾਨਾਂ ਨੂੰ ਮੁਫ਼ਤ ਦਿੱਤਾ ਜਾਂਦਾ ਹੈ।
- *The Communicator*, ਜਿਸ ਵਿੱਚ ਵੇਲੇ ਦੇ ਵਿਸ਼ਿਆਂ ਅਤੇ ਮੁੱਦਿਆਂ ਬਾਰੇ ਪ੍ਰਿੰਟਿੰਗ ਲਈ ਤਿਆਰ ਸੂਚਨਾ ਹੁੰਦੀ ਹੈ, ਚੰਦਾ ਦੇ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ।
- ਕੈਲੀਫ਼ੋਰਨੀਆ ਸਟੇਟ PTA ਦੀ ਵੈੱਬਸਾਈਟ **www.capta.org** 'ਤੇ ਜਾਣਕਾਰੀ, ਵਸੀਲੇ, ਹੋਰਨਾਂ ਸਾਈਟਾਂ ਨਾਲ ਲਿੰਕ ਅਤੇ *PTA in California* ਅਤੇ *The Communicator* ਉਪਲਬਧ ਹਨ।
- ਮੀਡਿਆ ਦੇ ਪ੍ਰਭਾਵ ਬਾਰੇ ਵਿਦਿਅਕ ਜਾਣਕਾਰੀ। PTA ਦਾ ਵਿਸ਼ਵਾਸ ਹੈ ਕਿ ਘਰ ਅਤੇ ਸਕੂਲ ਮਿਲਕੇ ਮੀਡੀਆ ਦੇ ਮਜ਼ਮੂਨ ਦੇ ਸੁਨੇਹੇ ਨੂੰ ਸਮਝਣ ਵਿੱਚ ਬੱਚਿਆਂ ਦੀ ਮਦਦ ਕਰ ਸਕਦੇ ਹਨ।